# ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਅਤੇ ਲਾਜ਼ਰ




ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest
Alastair Paterson

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada



©2022 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।




ਮਰੀਯਮ ਅਤੇ ਮਾਰਥਾ ਚਿੰਤਾਂ ਵਿੱਚ ਸਨ। ਉਹਨਾਂ ਦਾ ਭਰਾ ਲਾਜ਼ਰ ਬੀਮਾਰ – ਬਹੁਤ ਬੀਮਾਰ ਸੀ। ਭੈਣਾਂ ਜਾਣ ਗਈਆਂ ਲਾਜ਼ਰ ਜਲਦ ਹੀ ਮਰ ਜਾਵੇਗਾ। ਉਹਨਾਂ ਨੇ ਯਿਸੂ ਲਈ ਸੰਦੇਸ਼ ਘੱਲਿਆ। ਉਹ ਇਸ ਪਰਿਵਾਰ ਨੂੰ ਬੈਤਨਿਆਹ ਤੋਂ ਹੀ ਪਿਆਰ ਕਰਦਾ ਸੀ।



ਜਦ ਯਿਸੂ ਨੇ ਲਾਜ਼ਰ ਦੇ ਬਾਰੇ ਸੁਣਿਆ ਉਸਨੇ ਆਪਣੇ ਚੇਲਿਆਂ ਨੂੰ ਕਿਹਾ, “ਇਸ ਬੀਮਾਰੀ ਦਾ ਅੰਤ ਮੌਤ ਵਿੱਚ ਨਹੀ ਹੋਵੇਗਾ।” ਹਾਲਾਂਕਿ ਯਿਸੂ ਬਹੁਤ ਦੂਰ ਬੈਠਾ ਸੀ, ਉਹ ਠੀਕ ਤ੍ਰਾਂ ਜਾਣ ਗਿਆ ਕੇ ਲਾਜ਼ਰ ਨਾਲ ਕੀ ਹੋਣ ਜਾ ਰਿਹਾ ਸੀ।



3

ਯਿਸੂ ਨੇ ਬੈਤਨੀਆਹ ਛੱਡਣ ਲਈ ਅੱਗੇ ਦੋ ਦਿਨ ਦਾ ਇੰਤਜ਼ਾਰ ਕੀਤਾ। ਫਿਰ ਉਸਨੇ ਕੁਝ ਕਿਹਾ ਜਿਸ ਨੇ ਉਸਦੇ ਚੇਲਿਆਂ ਨੂੰ ਹੈਰਾਨ ਕਰ ਦਿੱਤਾ। “ਲਾਜ਼ਰ ਮਰ ਗਿਆ ਹੈ। ਮੈਂ ਖੁਸ਼ ਹਾਂ ਕੀ ਮੈ ਉੱਥੇ ਨਹੀ ਸੀ ਤਾਂ ਕੀ ਤੁਸੀ ਵਿਸ਼ਵਾਸ਼ ਕਰੋ।” ਇਹਨਾਂ ਅਜੀਬ ਸ਼ਬਦਾਂ ਦਾ ਮਤਲਬ ਕੀ ਸੀ? ਯਿਸੂ ਕੀ ਕਰਨ ਦੀ ਯੋਜਨਾ ਬਣਾ ਰਿਹਾ ਸੀ?



4

ਜਦ ਯਿਸੂ ਬੈਤਨੀਆਹ ਪਹੁੰਚਿਆ, ਲਾਜ਼ਰ ਨੂੰ ਮਰੇ ਚਾਰ ਦਿਨ ਹੋ ਗਏ ਸਨ। ਉਸਦਾ ਸਰੀਰ ਕੱਪੜੇ ਦੇ ਵਿੱਚ ਲਪੇਟ ਕੇ ਇੱਕ ਗੁਫ਼ਾ ਵਰਗੀ ਕਬਰ ਵਿੱਚ ਰੱਖਿਆ।



5

ਮਾਰਥਾ ਯਿਸੂ ਨੂੰ ਮਿਲਣ ਗਈ। “ਤੇਰਾ ਭਰਾ ਫਿਰ ਜੀ ਉੱਠੇਗਾ,” ਯਿਸੂ ਨੇ ਕਿਹਾ। “ਮੈਂ ਜਾਣਦੀ ਹਾਂ – ਅੰਤ ਦੇ ਦਿਨਾਂ ਵਿੱਚ ਜੀ ਉੱਠਣ ਦੇ ਦਿਨ,” ਮਾਰਥਾ ਨੇ ਉੱਤਰ ਦਿੱਤਾ। ਉਸ ਨੇ ਸੋਚਿਆ ਕੀ ਲਾਜ਼ਰ ਨੂੰ ਦੁਬਾਰਾ ਵੇਖਣ ਲਈ ਉਸ ਨੂੰ ਅੰਤ ਦੇ ਸਮੇਂ ਦਾ ਇੰਤਜਾਰ ਕਰਨਾ ਪਵੇਗਾ। ਪਰ ਯਿਸੂ ਦਾ ਮਤਲਬ ਕੁਝ ਹੋਰ ਸੀ।



6

“ਪੁਨਰਉਥਾਨ ਅਤੇ ਜੀਵਣ ਮੈਂ ਹਾਂ,” ਯਿਸੂ ਨੇ ਮਾਰਥਾ ਨੂੰ ਕਿਹਾ। “ਜਿਹੜਾ ਮੇਰੇ ਉੱਤੇ ਵਿਸ਼ਵਾਸ਼ ਕਰੇਗਾ ਉਹ ਭਾਵੇਂ ਮਰ ਵੀ ਜਾਵੇ ਤਾਂ ਵੀ ਜੀਵੇਗਾ।” ਮਾਰਥ ਨੇ ਯਿਸੂ ਤੇ ਵਿਸ਼ਵਾਸ਼ ਕੀਤਾ। ਉਹ ਜਾਣ ਗਈ ਕੀ ਉਹ ਪਰਮੇਸ਼ਵਰ ਦਾ ਪੁੱਤਰ ਹੈ। ਪਰ ਉਹ ਲਾਜ਼ਰ ਦੀ ਕਿਸ ਤ੍ਰਾਂ ਮਦਦ ਕਰੇਗਾ?



7

ਸਾਰੇ ਉਦਾਸ ਸਨ ਕਿਉਂਕਿ ਲਾਜ਼ਰ ਮਰ ਗਿਆ ਸੀ। ਉਸ ਦੀ ਭੈਣ ਮਰੀਯਮ ਰੋ ਰਹੀ ਸੀ। ਤਾਂ ਉਸਦੇ ਦੋਸਤ ਜੋ ਉਸਨੂੰ ਤਸੱਲੀ ਦੇਣ ਦੀ ਕੋਸ਼ੀਸ਼ ਕਰ ਰਹੇ ਸਨ। ਯਿਸੂ ਰੋਇਆ।



8


ਯਿਸੂ ਲੋਕਾਂ ਦੇ ਨਾਲ ਕਬਰ
ਉੱਤੇ ਗਿਆ। ਇੱਕ ਵੱਡਾ
ਪੱਥਰ ਦਰਵਾਜੇ ਤੇ ਰੱਖਿਆ
ਹੋਇਆ ਸੀ।
9


“ਪੱਥਰ ਨੂੰ ਹਟਾ ਦਿਉ,” ਯਿਸੂ ਨੇ ਹੁਕਮ
ਦਿੱਤਾ। “ਪ੍ਰਭੂ,” ਮਾਰਥਾ ਨੇ ਉੱਤਰ
ਦਿੱਤਾ, “ਹੁਣ ਤੱਕ ਬਦਬੂ ਆ
ਰਹੀ ਹੋਣੀ ਹੈ, ਕਿਉਂਕਿ
ਉਸਨੂੰ ਮਰੇ ਚਾਰ
ਦਿਨ ਬੀਤ
ਗਏ ਹਨ।”
10


ਯਿਸੂ ਨੇ
ਲੋਕਾਂ ਨੂੰ ਪੱਥਰ ਪਾਸੇ
ਕਰਨ ਦਾ ਹੁਕਮ ਦਿੱਤਾ।
ਤਦ ਯਿਸੂ ਨੇ ਆਪਣੇ
ਸਵਰਗੀ ਪਿਤਾ ਨੂੰ ਪ੍ਰਾਥਨਾਂ
ਕੀਤੀ। ਯਿਸੂ ਇੱਕ ਚਮਤਕਾਰ
ਕਰਨ ਜਾ ਰਿਹਾ ਸੀ ਤਾਂ ਜੋ ਲੋਕ
ਜਾਨਣ ਕੇ ਪਰਮੇਸ਼ਵਰ ਨੇ ਉਸ ਨੂੰ
ਭੇਜਿਆ ਹੈ। “ਲਾਜ਼ਰ!” ਯਿਸੂ ਨੇ
ਪੁਕਾਰਿਆ। “ਬਾਹਰ ਆਜਾ!”
ਲੋਕ ਹੈਰਾਨੀ ਨਾਲ ਕਬਰ
ਵੱਲ ਜਰੂਰ ਦੇਖ ਰਹੇ ਹੋਣਗੇ।
ਕੀ ਯਿਸੂ ਮੁਰਦੇ ਨੂੰ ਜਿੰਦਾ
ਕਰ ਸਕੇਗਾ?
11


ਜੀ ਹਾਂ!
ਲ਼ਾਜ਼ਰ
ਜਿੰਦਾ
ਕਫ਼ਨ ਵਿੱਚ
ਲਪੇਟਿਆ
ਹੋਇਆ ਕਬਰ
ਵਿੱਚੋ ਬਾਹਰ
ਆ ਗਿਆ!
12


“ਇਸ ਨੂੰ ਖੋਲ ਦਿਉ,” ਯਿਸੂ ਨੇ ਆਖਿਆ।
“ਇਸ ਨੂੰ ਜਾਣ ਦਿਉ।” ਉੱਥੇ ਕਿੰਨੀ ਖੁਸ਼ੀ ਹੋਵੇਗੀ!
ਹੰਝੂ ਹਾਸੇ ਵਿੱਚ ਬਦਲ ਗਏ। ਯਿਸੂ ਨੇ ਆਪਣੇ
ਸ਼ਬਦ ਰੱਖੇ। ਲਾਜ਼ਰ ਫਿਰ ਜਿੰਦਾ ਹੋ ਗਿਆ
ਸੀ। ਸਿਰਫ਼ ਪਰਮੇਸ਼ਵਰ ਦਾ ਪੁੱਤਰ
ਹੀ ਮੁਰਦਿਆਂ ਨੂੰ ਦੁਬਾਰਾ ਜੀਵਣ ਦੇ
ਸਕਦਾ ਹੈ।
13


ਬਹੁਤ ਸਾਰੇ ਲੋਕ ਜਿਹਨਾਂ ਇਹ ਚਮਤਕਾਰ ਵੇਖਿਆ ਯਿਸੂ ਤੇ ਵਿਸ਼ਵਾਸ਼
ਕੀਤਾ। ਪਰ ਕੁਝ ਨੇ ਉਸ ਦੇ ਦੁਸ਼ਮਣ – ਹੈਕਲ ਦੇ ਆਗੂਆਂ ਨੂੰ ਉਸਦੀ
ਖਬਰ ਦਿੱਤੀ। ਉਹਨਾਂ ਨੇ ਈਰਖਾ ਨਾਲ ਯਿਸੂ ਨੂੰ ਮਾਰਨ ਦੀ ਯੋਜਨਾ
ਬਣਾਈ। ਜਦ ਯਿਸੂ ਨੂੰ ਪਤਾ ਲੱਗਾ ਉਹ ਕੁਝ
ਸਮੇ ਲਈ ਉੱਥੋਂ ਚਲਾ ਗਿਆ।
14

ਯਿਸੂ ਅਤੇ ਲਾਜ਼ਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂੰਨਾ ਦੀ ਇੰਜੀਲ 11

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130






52 60



ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16